# जय माता चिंतपूर्णी

जय माता जय माता चिंतपूर्णी जय जय छिन मस्तिका,
आये भगत तेरे दवार हे माँ
नैना दी ज्योत जगा के करदे माँ आरती
फुला दे लै के आये हार हे माँ,
हे माँ हे माँ हे माँ हे माँ ....

मस्तक वगैर माँ तेरा अद्भुत रूप ऐ,
दर्शन जो करदा हुंदा पार मईया जी ,
इक पासे घर जो तेरे वगदा लहू ऐ,
दूजे है अमृत वाली धार ओ दाती,
सुआ सुआ चोला तेरे अंग विराजे,
सिंह ते होनी ऐ सवार हे माँ,
सूरज ते चन माँ तेरे मुकटा दे मोती,
तारे ने तेरा शिंगार हे माँ
हे माँ हे माँ हे माँ हे माँ

ब्रह्मा जी वेद पडदे मंदिरा च तेरे,
शिव दी तू शक्ति ऐ अपार ओ मैया,
तेंतीस करोड़ तेनु पूजन माँ देवते.
विष्णु जी करदे सतिकार ओ दाती,
राजा माँ इंद्र आके भवन धुलावे,
गंगा वगावे रस दी धार हे माँ
भेरो जती जी तेरी अरदल श्रधा च रहंदे,
वीर बजरंगी पैरेदार हे माँ
हे माँ हे माँ हे माँ हे माँ

पंजा माँ पांडवा तेरा भवन बनाया,
चवर दा अर्जुन सेवाधार ओ दाती,
दाती तेरा नाम ज्पेया बचडे माहि दास ने,
ध्यानु ने किती जय जय कार ओ मइया,
दुशट दमन दुरगा दया दी देवी,
महिमा ऐ तेरी अपरम्पार हे माँ
रिधि ते सीधीयाँ माँ हुकम च तेरे,
मुठी च तेरे संसार हे माँ,
हे माँ हे माँ हे माँ हे माँ

मंदिरा च निकियाँ निकियाँ खेडन माँ कंजका,
सचा एह तेरा दरबार ओह मैया,
श्रधा नु भाग तेरे बूहे ते लगदे,
तोबा ऐ करदा हंकार ओह दाती,
मुड अज्ञानी असी गलती दे पुतले,
बख्शी ओ भुला बख्शन हार हे माँ,

तेरे निर्दोष बचियाँ किती ऐ आरती,
हे माँ हे माँ हे माँ हे माँ

जय माता जय माता चिंतपूर्णी जय जय छिन मस्तिका,
आये भगत तेरे दवार हे माँ
नैना दी ज्योत जगा के करदे माँ आरती
फुला दे लै के आये हार हे माँ,
हे माँ हे माँ हे माँ हे माँ ....

ਜੈ ਮਾਤਾ ਚਿੰਤਪੁਰਨੀ, ਜੈ ਜੈ ਛਿਨ ਮਸਤਿਕਾ ॥,
ਆਏ ਭਗਤ ਤੇਰੇ ਦਵਾਰ,,, ਹੇ ਮਾਂ।
ਨੈਣਾਂ ਦੀ ਜੋਤ ਜਗਾ ਕੇ, ਕਰਦੇ ਮਾਂ ਆਰਤੀ ॥,
ਫੁੱਲਾਂ ਦੇ ਲੈ ਕੇ ਆਏ ਹਾਰ,,, ਹੇ ਮਾਂ,,,
ਹੇ ਮਾਂ,,,ਹੇ ਮਾਂ,,, ਹੇ ਮਾਂ,,,ਹੇ ਮਾਂ,,,

ਮਸਤਕ ਵਗੈਰ ਮਾਂ ਤੇਰਾ, ਅਦਭੁਤ ਰੂਪ ਏ,
ਦਰਸ਼ਨ ਜੋ ਕਰਦਾ ਹੁੰਦਾ ਪਾਰ,,, ਮਈਆ ਜੀ।
ਇੱਕ ਪਾਸੇ ਘਰ ਜੋ ਤੇਰੇ, ਵੱਗਦਾ ਲਹੂ ਏ,
ਦੂਜੇ ਹੈ ਅੰਮ੍ਰਿਤ ਵਾਲੀ ਧਾਰ,,, ਓ ਦਾਤੀ।
*ਸੂਹਾ ਸੂਹਾ ਚੋਲਾ ਤੇਰੇ,,, ॥, ਅੰਗ ਵਿਰਾਜ਼ੇ,
ਸਿੰਘ ਤੇ ਹੋਣੀ ਏ ਸਵਾਰ,,, ਹੇ ਮਾਂ,
ਸੂਰਜ ਤੇ ਚੰਨ ਮਾਂ ਤੇਰੇ, ਮੁੱਕਟਾਂ ਦੇ ਮੋਤੀ ॥,
ਤਾਰੇ ਨੇ ਤੇਰਾ ਸ਼ਿੰਗਾਰ,,, ਹੇ ਮਾਂ,,,
ਹੇ ਮਾਂ,,,ਹੇ ਮਾਂ,,, ਹੇ ਮਾਂ,,,ਹੇ ਮਾਂ,,,

ਬ੍ਰਹਮਾ ਜੀ ਵੇਦ ਪੜ੍ਹਦੇ, ਮੰਦਿਰਾਂ 'ਚ ਤੇਰੇ,
ਸ਼ਿਵ ਦੀ ਤੂੰ ਸ਼ਕਤੀ ਏ ਅਪਾਰ,,, ਓ ਮਈਆ।
ਤੈਂਤੀਸ ਕਰੋੜ ਤੈਨੂੰ, ਪੂਜਣ ਮਾਂ ਦੇਵਤੇ,
ਵਿਸ਼ਨੂੰ ਜੀ ਕਰਦੇ ਸਤਿਕਾਰ,,, ਓ ਦਾਤੀ।
*ਰਾਜਾ ਮਾਂ ਇੰਦਰ ਆਕੇ,,, ॥, ਭਵਨ ਧੁਲਾਵੇ,
ਗੰਗਾ ਵਗਾਵੇ ਰਸ ਦੀ ਧਾਰ,,, ਹੇ ਮਾਂ,
ਭੈਰੋਂ ਜਤੀ ਜੀ ਤੇਰੀ, ਅਰਦਲ/ਸ਼ਰਧਾ 'ਚ ਰਹਿੰਦੇ ॥,
ਵੀਰ ਬਜਰੰਗੀ ਪਹਿਰੇਦਾਰ,,, ਹੇ ਮਾਂ,,,
ਹੇ ਮਾਂ,,,ਹੇ ਮਾਂ,,, ਹੇ ਮਾਂ,,,ਹੇ ਮਾਂ,,,

ਪੰਜਾ ਮਾਂ ਪਾਂਡਵਾਂ ਤੇਰਾ, ਭਵਨ ਬਣਾਇਆ,
ਚਵਰ ਦਾ ਅਰਜੁਨ ਸੇਵਾਦਾਰ,,, ਓ ਦਾਤੀ।
ਦਾਤੀ ਤੇਰਾ ਨਾਮ ਜਪਿਆ, ਬੱਚੜੇ ਮਾਹੀ ਦਾਸ ਨੇ,
ਧਿਆਨੂੰ ਨੇ ਕੀਤੀ ਜੈ ਜੈਕਾਰ,,, ਓ ਮਈਆ।
*ਦੁਸ਼ਟ ਦਮਨ ਦੁਰਗਾ,,, ॥, ਦਇਆ ਦੀ ਦੇਵੀ,
ਮਹਿਮਾ ਏ ਤੇਰੀ ਅਪਰੰਪਾਰ,,, ਹੇ ਮਾਂ,
ਰਿੱਧੀਆਂ ਤੇ ਸਿੱਧੀਆਂ ਮਾਂ, ਹੁਕਮ 'ਚ ਤੇਰੇ ॥,
ਮੁੱਠੀ 'ਚ ਤੇਰੇ ਸੰਸਾਰ,,, ਹੇ ਮਾਂ,,,
ਹੇ ਮਾਂ,,,ਹੇ ਮਾਂ,,, ਹੇ ਮਾਂ,,,ਹੇ ਮਾਂ,,,

ਮੰਦਿਰਾਂ 'ਚ ਨਿੱਕੀਆਂ ਨਿੱਕੀਆਂ, ਖੇਡਣ ਮਾਂ ਕੰਜ਼ਕਾਂ,
ਸੱਚਾ ਏ ਤੇਰਾ ਦਰਬਾਰ,,, ਓ ਮਈਆ।
ਸ਼ਰਧਾ ਨੂੰ ਭਾਗ ਤੇਰੇ, ਬੂਹੇ ਤੇ ਲੱਗਦੇ,
ਤੋਬਾ ਏ ਕਰਦਾ ਹੰਕਾਰ,,, ਓ ਦਾਤੀ।
*ਮੂੜ੍ਹ ਅਗਿਆਨੀ ਅਸੀਂ,,, ॥, ਗਲਤੀ ਦੇ ਪੁਤਲੇ,
ਬਖਸ਼ੀ ਓ ਭੁੱਲਾਂ ਬਖਸ਼ਣਹਾਰ,,, ਹੇ ਮਾਂ,
ਤੇਰੇ ਨਿਰਦੋਸ਼ ਬੱਚਿਆਂ, ਕੀਤੀ ਏ ਆਰਤੀ ॥,
ਪੁਸ਼ਪ ਏ ਕਰੀਓ ਸਵੀਕਾਰ,,, ਹੇ ਮਾਂ,,,

ਜੈ ਮਾਤਾ ਚਿੰਤਪੁਰਨੀ, ਜੈ ਜੈ ਛਿਨ ਮਸਤਿਕਾ ॥,
ਆਏ ਭਗਤ ਤੇਰੇ ਦਵਾਰ,,, ਹੇ ਮਾਂ।
ਨੈਣਾਂ ਦੀ ਜੋਤ ਜਗਾ ਕੇ, ਕਰਦੇ ਮਾਂ ਆਰਤੀ ॥,
ਫੁੱਲਾਂ ਦੇ ਲੈ ਕੇ ਆਏ ਹਾਰ,,, ਹੇ ਮਾਂ,,,
ਹੇ ਮਾਂ,,,ਹੇ ਮਾਂ,,, ਹੇ ਮਾਂ,,,ਹੇ ਮਾਂ,,,
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/17368/title/jai-maa-chintapurni

अपने Android मोबाइल पर BhajanGanga App डाउनलोड करें और भजनों का आनंद ले |